# ਪੰਜਾਬੀ-004

## X (ਦਸਵੀਂ)

# ਨਮੂਨੇ ਦਾ ਪ੍ਰਸ਼ਨ-ਪੱਤਰ

## ਮਾਰਚ-ਅਪ੍ਰੈਲ 2023

**Time Allowed: 03 Hours** **Maximum Marks: 80**

**ਸਮਾਂ: 03 ਘੰਟੇ** **ਕੁੱਲ ਅੰਕ: 80**

### ਆਮ ਨਿਰਦੇਸ਼

**ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

- ਸਾਰੇ ਪ੍ਰਸ਼ਨ ਲਾਜ਼ਮੀ ਹਨ । ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ।
- ਬਹੁ-ਵਿਕਲਪੀ ਉੱਤਰਾਂ ਵਾਲ਼ੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ਼-ਨਾਲ਼ ਉੱਤਰ ਵੀ ਲਿਖਿਆ ਜਾਵੇ ।
- ਉੱਤਰਾਂ ਨੂੰ ਧਿਆਨ ਨਾਲ਼ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

## I. ਪੜ੍ਹਨ ਕੌਸ਼ਲ (Reading Skill) 10

**ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ:** **2+2+2+1=7**

1. ਚੰਡੀਗੜ੍ਹ ਦਾ ਰਾਕ-ਗਾਰਡਨ ਕੇਵਲ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੇ ਵਿਸ਼ਵ ਵਿੱਚ ਆਪਣੀ ਵਿਲੱਖਣ ਕਲਾ ਲਈ ਪ੍ਰਸਿੱਧ ਹੈ। ਭਾਰਤ ਵਿੱਚ ਚਟਾਨ-ਕਲਾ ਦੇ ਸ਼ੌਕੀਨਾਂ ਲਈ ਇਹ ਮੂਰਤੀ-ਬਾਗ਼ ਕਿਸੇ ਪ੍ਰੇਰਨਾ-ਦਰਗਾਹ ਤੋਂ ਘੱਟ ਨਹੀਂ । ਰਾਕ-ਗਾਰਡਨ ਦੀ ਅਸਲ ਪਛਾਣ ਇਸ ਦੀ ਅਦਭੁਤ ਕਲਾ ਤੇ ਵਿਲੱਖਣ ਖ਼ੂਬਸੂਰਤੀ ਕਰਕੇ ਹੈ, ਸ਼ਾਇਦ ਇਹੀ ਕਾਰਨ ਹੈ ਕਿ ਵਿਸ਼ਵ-ਭਰ ਤੋਂ ਸੈਲਾਨੀ ਇਸ ਵੱਲ ਖਿੱਚੇ ਜਾਂਦੇ ਹਨ। ਰਾਕ-ਗਾਰਡਨ ਦੇ ਸੰਸਥਾਪਕ ਨੇਕ ਚੰਦ ਸੈਣੀ ਨੇ ਚੰਡੀਗੜ੍ਹ-ਪ੍ਰਸ਼ਾਸਨ ਦੇ ਸੜਕ-ਨਿਰਮਾਣ ਵਿਭਾਗ 'ਚ ਨੌਕਰੀ ਕਰਦਿਆਂ, ਲਗ-ਪਗ 1957-58 ਵਿੱਚ ਆਪਣੇ ਖ਼ਾਲੀ ਸਮੇਂ ਵਿੱਚ, ਗੁਪਤ ਰੂਪ ਵਿੱਚ, ਸੁਖਨਾ-ਝੀਲ ਦੇ ਲਾਗੇ ਜੰਗਲ਼ ਵਿੱਚ ਖ਼ਾਲੀ ਪਈ ਇੱਕ ਉਜਾੜ ਥਾਂ ਵਿੱਚ ਆਪਣੇ ਕਾਰਜ ਦੀ ਸ਼ੁਰੂਆਤ ਕੀਤੀ। ਉਹ ਲੋਕਾਂ ਦਾ ਸੁੱਟਿਆ ਹੋਇਆ ਕਬਾੜ ਤੇ ਫ਼ਾਲਤੂ ਚੀਜ਼ਾਂ ਆਦਿ ਆਪਣੇ ਸਾਈਕਲ 'ਤੇ ਇਕੱਠੀਆਂ ਕਰਕੇ ਜੰਗਲ਼ ਵਿੱਚ ਢੇਰ ਲਾਉਂਦੇ ਰਹਿੰਦੇ। ਨੇਕ ਚੰਦ ਲਗ-ਪਗ ਅਠਾਰਾਂ ਸਾਲ

ਟੁੱਟੀਆਂ-ਭੱਜੀਆਂ ਚੀਜ਼ਾਂ ਇਕੱਠੀਆਂ ਕਰਦੇ ਰਹੇ ਤੇ ਉਸ ਕਬਾੜ ਤੋਂ ਸ਼ਾਹਕਾਰ ਕਲਾ-ਕ੍ਰਿਤਾਂ ਦਾ ਨਿਰਮਾਣ ਕਰਦੇ ਰਹੇ। ਹੈਰਾਨੀ ਦੀ ਗੱਲ ਹੈ ਕਿ ਜੰਗਲ਼ ਵਿੱਚ ਕਲਾ-ਕ੍ਰਿਤਾਂ ਨੂੰ ਸਿਰਜਦਿਆਂ ਉਹਨਾਂ ਨੇ ਕਿਸੇ ਨੂੰ ਇਸ ਦੀ ਭਿਣਕ ਤੱਕ ਨਾ ਪੈਣ ਦਿੱਤੀ, ਇਸ ਕਾਰਜ ਵਿੱਚ ਕਦੇ-ਕਦਾਈਂ ਉਹਨਾਂ ਦੀ ਪਤਨੀ ਜ਼ਰੂਰ ਹੱਥ ਵਟਾ ਦਿੰਦੀ ਸੀ । ਵਰਤਮਾਨ ਰਾਕ-ਗਾਰਡਨ ਉਦੋਂ ਬੀਆਬਾਨ ਜੰਗਲ਼ ਸੀ ਤੇ ਉਸ ਪਾਸੇ ਵੱਲ ਕੋਈ ਜਾਣ ਦਾ ਹੀਆ ਘੱਟ ਹੀ ਕਰਦਾ ਸੀ, ਨੇਕ-ਚੰਦ ਸਰਕਾਰੀ ਡਿਊਟੀ ਤੋਂ ਬਾਅਦ ਹਨੇਰਾ ਹੋਣ ਤੱਕ ਇੱਥੇ ਆ ਕੇ ਆਪਣੇ ਕੰਮ ਵਿੱਚ ਰੁੱਝੇ ਰਹਿੰਦੇ। ਕਲਾ-ਕ੍ਰਿਤਾਂ ਬਣਾਉਣ ਸਮੇਂ ਉਹ ਸਾਈਕਲਾਂ ਦੇ ਪੁਰਾਣੇ ਟਾਇਰ ਬਾਲ਼ ਕੇ ਚਾਨਣ ਕਰਦੇ ਤੇ ਰਾਤ ਨੂੰ ਜੰਗਲ਼ ਵਿੱਚੋਂ ਬਾਹਰ ਆਉਣ ਲਈ ਬਲ਼ਦੇ ਟਾਇਰ ਨੂੰ ਮਸ਼ਾਲ ਵਾਂਗ ਵਰਤਦੇ। ਅਠਾਰਾਂ ਸਾਲਾਂ ਵਿੱਚ ਨੇਕ ਚੰਦ ਨੇ ਚੁੱਪ-ਚਾਪ ਕਬਾੜ ਤੋਂ ਬਹੁਤ ਸਾਰੇ ਬੁੱਤ ਤੇ ਮੂਰਤੀਆਂ ਤਿਆਰ ਕਰ ਲਈਆਂ। ਫਿਰ 1976 ਈ. ਵਿੱਚ ਇੱਕ ਦਿਨ ਨੇਕ-ਚੰਦ ਦੇ ਮਹਿਕਮੇ ਦੇ ਅਫ਼ਸਰਾਂ ਨੂੰ ਇਸ ਸਭ ਦੀ ਭਿਣਕ ਪੈ ਗਈ, ਜਦੋਂ ਉਹਨਾਂ ਨੇ ਜੰਗਲ਼ ਵਿਚਲੀ ਉਸ ਥਾਂ ’ਤੇ ਆ ਕੇ ਨੇਕ ਚੰਦ ਦੀਆਂ ਕ੍ਰਿਤਾਂ ਨੂੰ ਵੇਖਿਆ ਤਾਂ ਉਹ ਹੈਰਾਨ ਰਹਿ ਗਏ ਕਿ ਕਬਾੜ ਦੀ ਇਸ ਤਰ੍ਹਾਂ ਵਰਤੋਂ ਵੀ ਹੋ ਸਕਦੀ ਹੈ। ਜੰਗਲ਼ ਵਿੱਚ ਇਸ ਥਾਂ ਤੱਕ ਆਉਣ ਲਈ ਸੜਕੀ ਰਸਤੇ ਦਾ ਪ੍ਰਬੰਧ ਕੀਤਾ ਜਾਣ ਲੱਗਾ। ਪਹਿਲੀ ਵਾਰ ਸੰਨ 1976 ਈਸਵੀ ਵਿੱਚ ਇਸ ਕਲਾ-ਸਥਾਨ ਨੂੰ ਲੋਕਾਂ ਦੇ ਦੇਖਣ ਲਈ ਸਰਕਾਰੀ ਤੌਰ ’ਤੇ ਖੋਲ੍ਹ ਦਿੱਤਾ ਗਿਆ। ਇਸ ਵਿਲੱਖਣ ਕਲਾ-ਸਥਾਨ ਦਾ ਨਾਂ ਨੇਕ ਚੰਦ ਨੇ ‘ਰਾਕ-ਗਾਰਡਨ’ ਭਾਵ ‘ਪੱਥਰਾਂ ਦਾ ਬਾਗ਼’ ਰੱਖ ਦਿੱਤਾ।

(i) ਚਟਾਨ-ਕਲਾ ਦੇ ਸ਼ੌਕੀਨਾਂ ਲਈ ਰਾਕ-ਗਾਰਡਨ ਦੀ ਕੀ ਮਹਤੱਤਾ ਹੈ ?

(ii) ਨੇਕ ਚੰਦ ਸਾਈਕਲ ਦੇ ਪੁਰਾਣੇ ਟਾਇਰਾਂ ਦੀ ਵਰਤੋਂ ਕਿਵੇਂ ਕਰਦਾ ਸੀ ?

(iii) ਨੇਕ ਚੰਦ ਨੇ ਕਬਾੜ ਤੋਂ ਕਲਾ-ਕ੍ਰਿਤਾਂ ਦਾ ਨਿਰਮਾਣ ਚੁੱਪ-ਚਾਪ ਕਿੰਨੇ ਸਾਲ ਕਰਦੇ ਰਹੇ ਅਤੇ ਇਸ ਦਾ ਪਤਾ ਕਦੋਂ ਲੱਗਾ ?

(iv) ਇਸ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

2. ਪੜ੍ਹੋ ਕਿਤਾਬਾਂ ਗਿਆਨ ਵਧੇਗਾ,
ਬੁੱਢੇ ਸਿਆਣੇ ਮਾਣ ਵਧੇਗਾ।
ਕਿਤਾਬਾਂ ਤੋਂ ਬਿਨਾਂ ਹੈ ਕਮਰਾ,
ਜਿਵੇਂ ਫੁੱਲਾਂ ਤੋਂ ਬਿਨਾਂ ਹੈ ਗਮਲਾ।
ਵਿੱਚ ਤੋਹਫ਼ੇ ਅਸੀਂ ਦਈਏ ਕਿਤਾਬਾਂ,
ਇੱਕ ਦੂਜੇ ਤੋਂ ਸਦਾ ਲਈਏ ਕਿਤਾਬਾਂ। **1X3=3**

(i) ਕਿਤਾਬਾਂ ਪੜ੍ਹਨ ਦਾ ਕੀ ਲਾਭ ਹੈ ?

(ii) ਕਿਤਾਬਾਂ ਤੋਂ ਬਿਨਾਂ ਕਮਰਾ ਕਿਸ ਤਰ੍ਹਾਂ ਲਗਦਾ ਹੈ ?

(iii) ਕਿਤਾਬਾਂ ਦਾ ਲੈਣ-ਦੇਣ ਕਿਸ ਤਰ੍ਹਾਂ ਵਧਾਇਆ ਜਾ ਸਕਦਾ ਹੈ ?

## II. ਵਿਆਕਰਨ (Grammar) 20

### 3. ਸਮਾਸੀ ਸ਼ਬਦ: (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ) 1X4=4

(i) ਹੇਠਾਂ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ:

(a) ਜਵਾਈ-ਘਰ

(b) ਦੌੜ-ਘਰ

(c) ਧੋਤਾ-ਦੁੱਧ

(d) ਸੇਵਾ-ਮੁਕਤ

(ii) ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਭਿੰਨ-ਭਿੰਨ ਅਰਥਾਂ ਵਾਲ਼ਾ ਇੱਕ ਸਮਾਸੀ ਸ਼ਬਦ ਹੈ :

(a) ਉੱਚੀ-ਉੱਚੀ

(b) ਸੋਨਾ-ਚਾਂਦੀ

(c) ਪਾਣੀ-ਧਾਣੀ

(d) ਲੀੜਾ-ਲੱਤਾ

(iii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਭਿੰਨ-ਭਿੰਨ ਅਰਥਾਂ ਵਾਲ਼ੇ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ :

(a) ਅੰਗ-ਸਾਕ

(b) ਪਾਪ-ਪੁੰਨ

(c) ਮੰਜਾ-ਮੁੰਜਾ

(d) ਸਾਕ-ਸੰਬੰਧੀ

(iv) 'ਧਰਮ-ਕਰਮ' ਦਾ ਠੀਕ ਸ਼ਬਦ-ਸਮੂਹ ਚੁਣੋ-

(a) ਧਰਮ ਅਤੇ ਕਰਮ

(b) ਧਰਮ ਦੇ ਕਰਮ

(c) ਧਰਮ ਲਈ ਕਰਮ

(d) ਧਰਮ ਹੀ ਕਰਮ

(v) ਵਿਰੋਧੀ ਅਰਥ ਵਾਲ਼ਾ ਸਮਾਸੀ ਸ਼ਬਦ ਚੁਣੋ:-

(a) ਸਾਫ਼-ਸੁਥਰਾ

(b) ਸੋਚ-ਵਿਚਾਰ

(c) ਰਾਤੋ-ਰਾਤ

(d) ਔਖਾ-ਸੌਖਾ

4. **ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ)** **1X4=4**

(i) ਕਿਹੜਾ ਸ਼ਬਦ 'ਡੰਡੀ' ਸ਼ਬਦ ਦਾ ਬਹੁ-ਅਰਥਕ ਸ਼ਬਦ ਨਹੀ ਹੈ ?

(a) ਡੰਗ

(b) ਟਹਿਣੀ

(c) ਪੂਰਨ ਵਿਰਾਮ

(d) ਕੱਚਾ ਰਸਤਾ

(ii) ਜੋ ਸ਼ਬਦ ਇੱਕ ਤੋਂ ਜ਼ਿਆਦਾ ਅਰਥ ਰੱਖਦਾ ਹੈ, ਉਸ ਨੂੰ ਕੀ ਕਹਿੰਦੇ ਹਨ ?

(a) ਨਾਂਵ ਸ਼ਬਦ

(b) ਅਗੇਤਰ

(c) ਪਿਛੇਤਰ

(d) ਬਹੁ-ਅਰਥਕ ਸ਼ਬਦ

(iii) 'ਡੋਲ' ਸ਼ਬਦ ਦੇ ਸਹੀ ਬਹੁ-ਅਰਥਕ ਸ਼ਬਦ ਸਮੂਹ ਨੂੰ ਚੁਣੋ:

(a) ਦੁੱਧ ਵਾਲ਼ਾ ਭਾਂਡਾ, ਢੋਲਕੀ

(b) ਭਾਂਡਾ, ਢੋਲਕ

(c) ਭਾਂਡਾ, ਘਬਰਾ ਜਾਣਾ

(d) ਇਹਨਾਂ ਵਿੱਚੋਂ ਕੋਈ ਵੀ ਨਹੀਂ

(iv) 'ਸਰ' ਦਾ ਇੱਕ ਅਰਥ ਹੈ 'ਫ਼ਤਿਹ ਕਰਨਾ' ਦੂਜਾ ਅਰਥ ਹੈ :

(a) ਸਰੀਰ ਦਾ ਹੇਠਲਾ ਹਿੱਸਾ

(b) ਕੰਮ ਹੋਣਾ

(c) ਕੰਮ ਕਰਨਾ

(d) ਸ਼ਾਬਾਸ਼

(v) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ 'ਵੱਡੀ ਤੱਕੜੀ' ਦਾ ਬਹੁ-ਅਰਥਕ ਸ਼ਬਦ ਹੈ :

(a) ਸੂਈ

(b) ਸੂਲ

(c) ਕੰਡਾ

(d) ਸੂਆ

5. **ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਪੰਜ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਹੱਲ ਕਰੋ)** **1X4=4**

(i) ਕਿਰਿਆ-ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ ?

(a) ਸੱਤ

(b) ਅੱਠ

(c) ਨੌਂ

(d) ਦਸ

(ii) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(a) ਇੱਕ, ਦੋ, ਤਿੰਨ

(b) ਅੱਜ, ਕੱਲ੍ਹ, ਪਰਸੋਂ

(c) ਅੰਦਰ, ਖੱਬੇ, ਨੇੜੇ

(d) ਹੌਲ਼ੀ, ਤੇਜ਼, ਘੱਟ

(iii) ਜੋ ਕਿਰਿਆ-ਵਿਸ਼ੇਸ਼ਣ ਕਿਰਿਆ ਦੇ ਕੰਮ ਹੋਣ ਦਾ ਸਮਾਂ ਦੱਸਣ ਉਹਨਾਂ ਨੂੰ ਕੀ ਕਿਹਾ ਜਾਂਦਾ ਹੈ ?

(a) ਪ੍ਰਕਾਰ-ਵਾਚਕ ਕਿਰਿਆ-ਵਿਸ਼ੇਸ਼ਣ

(b) ਮਿਣਤੀ-ਵਾਚਕ ਕਿਰਿਆ-ਵਿਸ਼ੇਸ਼ਣ

(c) ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ

(d) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(iv) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਦੀਪਕ ਸਵੇਰੇ ਦਿੱਲੀ ਜਾਵੇਗਾ ।

(a) ਦੀਪਕ

(b) ਸਵੇਰੇ

(c) ਦਿੱਲੀ

(d) ਜਾਵੇਗਾ

(v) 'ਸ਼ੇਰ ਬਹੁਤ ............... ਦੌੜਦਾ ਹੈ ।' ਵਾਕ ਵਿਚਲੇ ਖ਼ਾਲੀ-ਸਥਾਨ ਨੂੰ ਭਰਨ ਲਈ ਢੁਕਵਾਂ ਕਿਰਿਆ-ਵਿਸ਼ੇਸ਼ਣ ਚੁਣੋ :

(a) ਨਖ਼ਰੇ ਨਾਲ਼

(b) ਸੁਸਤੀ ਨਾਲ਼

(c) ਤੇਜ਼

(d) ਢਿੱਲਾ-ਢਿੱਲਾ

6. **ਅਗੇਤਰ-ਪਿਛੇਤਰ:** **4**

**ਪੁੱਛੇ ਗਏ ਅਨੁਸਾਰ ਹੱਲ ਕਰੋ:** **2+2=4**

(i) ਹੇਠ ਲਿਖਿਆਂ ਵਿੱਚੋਂ ਕਿਸੇ **ਦੋ ਅਗੇਤਰਾਂ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉਪ, ਅਪ, ਸਰਵ

(ii) ਹੇਠ ਲਿਖਿਆਂ ਵਿੱਚੋਂ ਕਿਸੇ **ਦੋ ਪਿਛੇਤਰਾਂ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਆਊ, ਈਨ, ਹੀਣ

7. **ਮੁਹਾਵਰੇ:** ਹੇਠ ਲਿਖਿਆਂ ਵਿੱਚੋਂ ਕਿਸੇ **ਚਾਰ ਮੁਹਾਵਰਿਆਂ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ: **1X4=4**

(i) ਕਿਸਮਤ ਦਾ ਧਨੀ ਹੋਣਾ

(ii) ਖਾਣ ਨੂੰ ਪੈਣਾ

(iii) ਘੋੜੇ ਵੇਚ ਕੇ ਸੌਣਾ

(iv) ਚਿਹਰਾ ਉਤਰ ਜਾਣਾ

(v) ਛਿੱਕੇ ਉੱਤੇ ਟੰਗਣਾ

(vi) ਜ਼ਬਾਨ ਨੂੰ ਲਗਾਮ ਦੇਣਾ

(vii) ਝੱਟ ਟਪਾਉਣਾ

## III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part B: Writing Skill) 8+7+5=20

8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 8X1=8

**(i) ਪੁਸਤਕਾਂ ਸਭ ਤੋਂ ਚੰਗਾ ਸਾਥੀ**

(ਜਾਣ-ਪਛਾਣ ..................... ਜੀਵਨ ਵਿੱਚ ਰਿਸ਼ਤਿਆਂ ਦਾ ਮਹੱਤਵ ..................... ਪੁਸਤਕਾਂ ਦਾ ਮਹੱਤਵ ..................... ਪੁਸਤਕ ਇੱਕ ਚੰਗਾ ਸਾਥੀ..................... ਪੁਸਤਕਾਂ ਦੀਆਂ ਕਿਸਮਾਂ ..................... ਪੁਸਤਕਾਂ ਦੀ ਚੋਣ ਵਿੱਚ ਸੁਚੇਤ ..................... ਸਿੱਟਾ .....................)

**(ii) ਨੌਜਵਾਨਾਂ ਵਿੱਚ ਵਧ ਰਹੀ ਨਸ਼ਿਆਂ ਦੀ ਵਰਤੋਂ**

(ਜਾਣ-ਪਛਾਣ ..................... ਨਸ਼ੀਲੀਆਂ ਵਸਤਾਂ ਦੀਆਂ ਕਿਸਮਾਂ ..................... ਨਸ਼ਾ: ਮਸਤ ਜ਼ਿੰਦਗੀ ਕਿ ਦਰਦਨਾਕ ਮੌਤ ......................... ਨਸ਼ਿਆਂ ਦੇ ਕਾਰਨ ......................... ਨਸ਼ਿਆਂ ਦੀ ਸਪਲਾਈ ਤੇ ਪਹੁੰਚ ..................... ਬਾਹਰਲੇ ਪ੍ਰਭਾਵ ..................... ਸੁਝਾਅ ..................... ਸਾਰੰਸ਼ ..................... )

(iii) **ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ**

(ਜਾਣ-ਪਛਾਣ .................... ਤੁਕ ਦਾ ਅਰਥ .................... ਮਿੱਠੇ ਅਤੇ ਕੌੜੇ ਬੋਲਾਂ ਦਾ ਭਿੰਨ-ਭਿੰਨ ਅਸਰ .................... ਨਿਮਰਤਾ- ਸਭ ਤੋਂ ਮਹੱਤਵਪੂਰਨ ਗੁਣ .................... ਹੰਕਾਰ ਇੱਕ ਔਗੁਣ ............ ਵਿਖਾਵੇ ਵਾਲ਼ੀ ਨਿਮਰਤਾ .............. ਨਿਮਰਤਾ ਦੇ ਲਾਭ ................. ਸਾਰੰਸ਼ ..........)

9. ਸਿਹਤ ਵਿਭਾਗ ਦੇ ਡਾਇਰੈਕਟਰ ਨੂੰ ਤੁਹਾਡੇ ਇਲਾਕੇ ਵਿੱਚ ਫੈਲ ਰਹੀ ਡੇਂਗੂ ਦੀ ਬਿਮਾਰੀ ਅਤੇ ਲੋਕਾਂ ਦੀ ਸਿਹਤ-ਜਾਂਚ ਕਰਨ ਲਈ, ਹਰ ਹਫ਼ਤੇ ਇੱਕ ਕੈਂਪ ਲਾਉਣ ਲਈ ਪੱਤਰ ਲਿਖੋ ।


(ਡੇਂਗੂ ਦੀ ਬਿਮਾਰੀ ਦਾ ਫੈਲਣਾ .................... ਇਲਾਕੇ ਵਿੱਚ ਕੋਈ ਹਸਪਤਾਲ ਨਾ ਹੋਣਾ .................... ਥਾਂ-ਥਾਂ ਪਾਣੀ ਖੜ੍ਹਾ ਹੋਣਾ .................... ਹੋਰ ਬਿਮਾਰੀਆਂ ਦਾ ਖ਼ਤਰਾ .................... ਨੀਮ-ਹਕੀਮਾਂ 'ਤੇ ਨਿਰਭਰ ਹੋਣ ਲਈ ਮਜ਼ਬੂਰ .................... ਸਿਹਤ-ਜਾਂਚ ਕੈਂਪ ਲਾਉਣ ਦੀ ਬੇਨਤੀ .................... ਸਿਹਤ-ਮੰਤਰੀ ਵੱਲੋਂ ਮਨਜ਼ੂਰੀ ....................)

ਜਾਂ

ਤੁਹਾਡਾ ਮਿੱਤਰ/ਸਹੇਲੀ ਦਸਵੀਂ ਜਮਾਤ ਵਿੱਚੋਂ ਮੈਰਿਟ ਵਿੱਚ ਆਇਆ/ਆਈ ਹੈ, ਉਸ ਨੂੰ ਵਧਾਈ ਦਿੰਦੇ ਹੋਏ ਪੱਤਰ ਲਿਖੋ ।

(ਬੋਰਡ ਵੱਲੋਂ ਨਤੀਜੇ ਦਾ ਐਲਾਨ .................... ਅਖ਼ਬਾਰ ਵਿੱਚ ਤਸਵੀਰ ਵੇਖਣਾ .................... ਜ਼ਿਲ੍ਹੇ ਵਿੱਚੋਂ ਪਹਿਲਾਂ ਸਥਾਨ .................... ਬਹੁਤ ਖੁਸ਼ ਹੋਣਾ .................... ਖੁਸ਼ੀ ਨੂੰ ਸਾਥੀਆਂ ਨਾਲ਼ ਸਾਂਝੀ ਕਰਨਾ .................... ਮਾਤਾ-ਪਿਤਾ ਨੂੰ ਵੀ ਵਧਾਈ .................... ਉੱਜਲ ਭਵਿੱਖ ਦੀ ਕਾਮਨਾ .................... ) 7X1=7

10. ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ: 5X1=5



**ਨੋਟ: ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ:-**
ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਸਕੂਲ ਵਿਚਲੀ ਪੀਣ ਵਾਲ਼ੇ ਪਾਣੀ ਦੀ ਘਾਟ ਦੀ ਸਮੱਸਿਆ ਹੱਲ ਕਰਨ ਲਈ ਪੱਤਰ ਲਿਖੋ ।

## IV. ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

### ( IV. Text Books based questions) 5+5+8+8+4=30

11. **ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) :**

**1X5=5**

(i) **'ਘਰ ਦਾ ਪਿਆਰ'** ਲੇਖ ਅਨੁਸਾਰ ਮੁੰਡਿਆਂ ਅਤੇ ਵਿਦਿਆਰਥੀਆਂ ਅੰਦਰ ਗ਼ੈਰ-ਜ਼ੁੰਮੇਵਾਰੀ ਵਾਲ਼ਾ ਵਤੀਰਾ ਕਿਉਂ ਪੈਦਾ ਹੋ ਜਾਂਦਾ ਹੈ ?

(a) ਪਹਾੜਾਂ 'ਤੇ ਰਹਿਣ ਕਾਰਨ

(b) ਬੋਰਡਿੰਗ ਦੀ ਰਹਿਣੀ-ਬਹਿਣੀ ਕਾਰਨ

(c) ਚੰਗੇ ਲੋਕਾਂ ਦੀ ਸੰਗਤ ਕਾਰਨ

(d) ਕਿਸੇ ਡਰ ਦੇ ਕਾਰਨ

(ii) ਲੇਖਕ ਨੇ ਮਹਿੰਗੀ ਤੇ ਪਿਆਰੀ ਵਿਰਾਸਤ ਕਿਸ ਨੂੰ ਆਖਿਆ ਹੈ ?

(a) ਬੋਲੀ ਨੂੰ

(b) ਸੱਭਿਆਚਾਰ ਨੂੰ

(c) ਸੋਨੇ ਨੂੰ

(d) ਚਾਂਦੀ ਨੂੰ

(iii) ਚੌਧਰੀ ਚੜ੍ਹਤ ਸਿੰਘ ਨੇ ਪਿੰਡ ਦੀ ਇੱਜ਼ਤ ਬਚਾਉਣ ਲਈ ਕਿਸ ਨੂੰ ਬੇਨਤੀ ਕੀਤੀ?

(a) ਲੇਖਕ ਨੂੰ

(b) ਬਾਬਿਆਂ ਦੀ ਭੈਣ ਨੂੰ

(c) ਬਾਬੇ ਪੁਨੂੰ ਨੂੰ

(d) ਮੰਗਲ ਸਿੰਘ ਨੂੰ

(iv) **'ਕੁਲਫ਼ੀ'** ਕਹਾਣੀ ਦੇ ਲੇਖਕ ਦਾ ਨਾਮ ਦੱਸੋ ।

(a) ਕੁਲਵੰਤ ਸਿੰਘ ਵਿਰਕ

(b) ਗੁਰਬਖ਼ਸ਼ ਸਿੰਘ ਪ੍ਰੀਤਲੜੀ

(c) ਵਰਿਆਮ ਸਿੰਘ ਸੰਧੂ

(d) ਸੁਜਾਨ ਸਿੰਘ

(v) ਕਰਮ ਸਿੰਘ ਦਾ ਪਿੰਡ ਕਿਹੜਾ ਸੀ ?

(a) ਠੱਠੀ-ਖਾਰਾ

(b) ਅੰਮ੍ਰਿਤਸਰ

(c) ਚੂਹੜਕਾਣਾ

(d) ਕੰਗਣੀਵਾਲ

(vi) ਕਰਤਾਰ ਸਿੰਘ ਦੇ ਸਿਰ ਸੁਸਾਇਟੀ ਦਾ ਕਿੰਨਾ ਕਰਜ਼ਾ ਸੀ ?

(a) ਪੌਣੇ ਸੋਲਾਂ ਸੌ ਰੁਪਏ

(b) ਸਵਾ ਸੋਲਾਂ ਸੌ ਰੁਪਏ

(c) ਸਾਢੇ ਸੋਲਾਂ ਸੌ ਰੁਪਏ

(d) ਪੂਰੇ ਸੋਲਾਂ ਸੌ ਰੁਪਏ

## 12. **ਕਵਿਤਾ ਤੇ ਇਕਾਂਗੀ ਵਿੱਚੋਂ ( ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) :**

**1X5=5**

(i) 'ਸੋ ਕਿਉ ਮੰਦਾ ਆਖੀਐ' ਬਾਣੀ ਵਿਚ ਗੁਰੂ ਸਾਹਿਬ ਨੇ ਇਸਤਰੀ ਤੋਂ ਬਿਨਾਂ ਕੇਵਲ ਕਿਸ ਦੀ ਹੋਂਦ ਸਵੀਕਾਰ ਕੀਤੀ ਗਈ ਹੈ ?

(ii) "ਕਿਰਪਾ ਕਰਿ ਕੈ ਬਖਸਿ ਲੈਹੁ" ਬਾਣੀ ਵਿਚ 'ਖਤੇ' ਸ਼ਬਦ ਦਾ ਕੀ ਅਰਥ ਹੈ ?

(iii) 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਗੁਰੂ ਜੀ ਦੇ ਪ੍ਰਭਾਵ ਨਾਲ਼ ਘਰ-ਘਰ ਅੰਦਰ ਕੀ ਬਣ ਗਈ ਹੈ ?

(iv) ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਨਾਮ ਸਿਮਰਨ ਨਾਲ਼ ਕੀ ਪ੍ਰਾਪਤ ਹੁੰਦਾ ਹੈ ?

(v) 'ਜੰਗ ਦਾ ਹਾਲ' ਰਚਨਾ ਵਿੱਚ 'ਫ਼ਰੰਗੀ' ਸ਼ਬਦ ਤੋਂ ਕੀ ਭਾਵ ਹੈ ?

(vi) ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਕਿਸ ਦੁਆਰਾ ਲਿਖਿਆ ਗਿਆ ?

(vii) 'ਦੂਜਾ ਵਿਆਹ' ਇਕਾਂਗੀ ਕਿਸ ਦਾ ਲਿਖਿਆ ਹੋਇਆ ਹੈ ?

## 13. **ਕਹਾਣੀ ਤੇ ਇਕਾਂਗੀ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) :**

**2X4=8**

(i) 'ਅੰਗ-ਸੰਗ' ਕਹਾਣੀ ਵਿੱਚ ਸੁਸਾਇਟੀ ਦੇ ਇਨਸਪੈਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ ?

(ii) ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਿਉਂ ਕਰਦਾ ਹੈ ?

(iii) ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਤੇ ਕਿਉਂ ?

(iv) ਮਨਜੀਤ ਦੀ ਸੱਸ ਉਸ ਨੂੰ ਕਿਸ ਗੱਲ ਦਾ ਡਰਾਵਾ ਦਿੰਦੀ ਰਹਿੰਦੀ ਹੈ ?

(v) ਔਰੰਗਜ਼ੇਬ ਕੋਲ਼ 'ਜ਼ਫ਼ਰਨਾਮਾ' ਕੌਣ ਲੈ ਕੇ ਗਿਆ ਸੀ ?

14. **ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) :**

**4X2=8**

(i) ਭਾਈ ਗੁਰਦਾਸ ਜੀ ਦਾ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ 'ਤੇ ਧੁੰਦ ਦੇ ਖ਼ਤਮ ਹੋ ਜਾਣ, ਚਾਨਣ ਹੋ ਜਾਣ ਅਤੇ ਤਾਰੇ ਛੁਪਣ ਤੋਂ ਕੀ ਭਾਵ ਹੈ ?

ਜਾਂ

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ' ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਅਨੁਸਾਰ ਪਰਮਾਤਮਾ ਦਾ ਨਾਮ ਸਿਮਰਨ ਨਾਲ਼ ਕੀ ਲਾਭ ਹੁੰਦਾ ਹੈ ?

(ii) ਪੈਦਲ ਤੁਰਨਾ ਮਨੁੱਖੀ ਸਰੀਰ ਲਈ ਕਿਵੇਂ ਲਾਭਦਾਇਕ ਹੈ ?

ਜਾਂ

ਪ੍ਰਾਰਥਨਾ ਕਰਨ ਨਾਲ਼ ਕੈਦੀ ਦੇ ਵਿਹਾਰ ਵਿੱਚ ਕਿਹੋ ਜਿਹੀ ਤਬਦੀਲੀ ਆਈ ?

15. **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 4X1=4**

(i) ਅਸ਼ੋਕ ਅਤੇ ਅਕਬਰ ਨੇ ਆਪਣੇ ਰਾਜ ਦੀਆਂ ਨੀਹਾਂ ਕਿਵੇਂ ਪੱਕੀਆਂ ਕੀਤੀਆਂ ? 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦੱਸੋ ।

(ii) ਮਨਜੀਤ ਕੌਰ ਦਾ ਸੁਭਾਅ ਕਿਹੋ ਜਿਹਾ ਹੈ ? 'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਦੱਸੋ ।